## ਪੀੜਤਾਂ ਵਾਸਤੇ ਜਾਣਕਾਰੀ:

ਕੈਲੀਫੋਰਨੀਆ ਵਿਕਟਿਮਜ਼ ਬਿਲ ਆਫ ਰਾਈਟਸ ਐਕਟ – ਜਿਸਨੂੰ ਮਾਰਸੀਜ਼ ਲਾਅ (Marsy's Law) ਵਜੋਂ ਵੀ ਜਾਣਿਆ ਜਾਂਦਾ ਹੈ – ਤੁਹਾਨੂੰ ਇਹ ਅਹਿਮ ਅਧਿਕਾਰ ਦਿੰਦਾ ਹੈ:

- **ਆਪਣੀਆਂ ਹਾਨੀਆਂ ਵਾਸਤੇ ਪੈਸਾ ਪ੍ਰਾਪਤ ਕਰੋ।** ਆਪਣੀ ਜਾਇਦਾਦ ਦੀਆਂ ਹਾਨੀਆਂ, ਡਾਕਟਰੀ ਖ਼ਰਚਿਆਂ, ਉਜ਼ਰਤ ਦੀਆਂ ਹਾਨੀਆਂ, ਅਤੇ ਹੋਰ ਹਾਨੀਆਂ ਨੂੰ ਕਵਰ ਕਰਨ ਲਈ ਪੈਸਿਆਂ ਵਾਸਤੇ ਅਰਜ਼ੀ ਦਿਓ।
- **ਦੱਸੋ ਕਿ ਅਪਰਾਧ ਨੇ ਤੁਹਾਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।** ਬਚਾਓ ਪੱਖ ਨੂੰ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਅਦਾਲਤ ਨੂੰ ਦੱਸੋ ਕਿ ਅਪਰਾਧ ਨੇ ਤੁਹਾਡੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।
- **ਅਪਰਾਧਕ ਕੇਸ ਬਾਰੇ ਜਾਣਕਾਰੀ ਹਾਸਲ ਕਰੋ।** ਮੁੱਦਈ (prosecutor) ਨੂੰ ਕੇਸ ਬਾਰੇ ਖਾਸ ਜਾਣਕਾਰੀ ਵਾਸਤੇ ਪੁੱਛੋ।
- **ਅਦਾਲਤ ਕੋਲੋਂ ਆਦੇਸ਼ ਹਾਸਲ ਕਰੋ।** ਬਚਾਓ ਪੱਖ ਨੂੰ ਤੁਹਾਡੇ ਕੋਲੋਂ ਦੂਰ ਰੱਖਣ ਲਈ ਅਦਾਲਤ ਇੱਕ ਰੱਖਿਅਕ ਆਦੇਸ਼ ਜਾਰੀ ਕਰ ਸਕਦੀ ਹੈ ਜਾਂ ਅਟਾਰਨੀ ਦੀਆਂ ਫੀਸਾਂ ਅਦਾ ਕਰਨ ਦਾ ਆਦੇਸ਼ ਜਾਰੀ ਕਰ ਸਕਦੀ ਹੈ ਜੇ ਤੁਸੀਂ ਕੇਸ ਵਿੱਚ ਮਦਦ ਲਈ ਕੋਈ ਵਕੀਲ ਕੀਤਾ ਸੀ। ਤੁਹਾਡੇ ਸਿਵਲ ਅਧਿਕਾਰਾਂ ਦੀ ਉਲੰਘਣਾ ਕਰਨ ਵਾਸਤੇ, ਅਦਾਲਤ ਬਚਾਓ ਪੱਖ ਨੂੰ ਤੁਹਾਨੂੰ $25,000 ਜਾਂ ਇਸ ਤੋਂ ਵੱਧ ਰਕਮ ਦੇਣ ਦਾ ਆਦੇਸ਼ ਵੀ ਦੇ ਸਕਦੀ ਹੈ। (ਰਾਲਫ ਐਕਟ ਅਤੇ ਬੇਨ ਐਕਟ ਤਹਿਤ ਆਪਣੇ ਅਧਿਕਾਰਾਂ ਬਾਰੇ ਕਿਸੇ ਵਕੀਲ ਨਾਲ ਗੱਲ ਕਰੋ।)
- ਕੈਲੀਫੋਰਨੀਆ ਦਾ ਕਨੂੰਨ, ਕਨੂੰਨ ਦੀ ਤਾਮੀਲ ਕਰਵਾਉਣ ਵਾਲੀਆਂ ਅਥਾਰਟੀਆਂ ਨੂੰ ਵਿਅਕਤੀ-ਵਿਸ਼ੇਸ਼ਾਂ ਕੋਲੋਂ, ਜਿਨ੍ਹਾਂ ਵਿੱਚ ਅਪਰਾਧਾਂ ਦੀ ਰਿਪੋਰਟ ਕਰਨ ਵਾਲੇ ਜਾਂ ਸੰਭਾਵੀ ਅਪਰਾਧਾਂ ਦੇ ਪੀੜਤ ਵੀ ਸ਼ਾਮਲ ਹਨ, ਉਹਨਾਂ ਦੀ ਪ੍ਰਵਾਸ ਸਥਿਤੀ (immigration status) ਬਾਰੇ ਪੁੱਛਣ ਤੋਂ ਮਨਾਹੀ ਕਰਦਾ ਹੈ, ਜਦੋਂ ਤੱਕ ਕਿ ਇੱਕ ਯੂ (U) ਵੀਜ਼ਾ (ਅਪਰਾਧ ਪੀੜਤ ਲਈ ਵੀਜ਼ਾ) ਜਾਂ ਟੀ (T) ਵੀਜ਼ਾ (ਮਨੁੱਖੀ ਤਸਕਰੀ ਦੇ ਪੀੜਤ ਲਈ ਵੀਜ਼ਾ) ਲਈ ਪੀੜਤ ਦੀ ਪੁਸ਼ਟੀ ਕਰਨ ਵਾਸਤੇ ਜਾਣਕਾਰੀ ਜ਼ਰੂਰੀ ਨਾ ਹੋਵੇ।



## ਮਦਦ ਕਿੱਥੋਂ ਲੱਭੀਏ

ਜੇ ਤੁਹਾਨੂੰ ਤੁਰੰਤ ਧਿਆਨ ਦੀ ਲੋੜ ਹੈ ਤਾਂ 911 ਨੂੰ ਸੰਪਰਕ ਕਰੋ ਜਾਂ ਕਿਸੇ ਸਥਾਨਕ ਹਸਪਤਾਲ ਵਿਖੇ ਜਾਓ। ਕੋਈ ਰਿਪੋਰਟ ਦਾਇਰ ਕਰਨ ਲਈ, ਆਪਣੇ ਸਥਾਨਕ ਕਨੂੰਨ ਲਾਗੂ ਕਰਨ ਵਾਲੇ ਅਦਾਰੇ ਨਾਲ ਤੁਰੰਤ ਸੰਪਰਕ ਕਰੋ।

## ਕੈਲੀਫੋਰਨੀਆ ਅਟਾਰਨੀ ਜਨਰਲ ਦੀ ਦਫਤਰੀ ਪੀੜਤਾਂ ਵਾਸਤੇ ਸੇਵਾਵਾਂ ਦੇਣ ਵਾਲੀ ਇਕਾਈ

ਸਮੁੱਚੀ ਅਪਰਾਧਕ ਪ੍ਰਕਿਰਿਆ ਦੌਰਾਨ ਅਪਰਾਧ ਦੇ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਮਰਥਨ ਅਤੇ ਜਾਣਕਾਰੀ ਦੀ ਪੇਸ਼ਕਸ਼ ਕਰਦੀ ਹੈ। ਵਧੇਰੇ ਜਾਣਕਾਰੀ ਵਾਸਤੇ (877) 433-9069 'ਤੇ ਕਾਲ ਕਰੋ ਜਾਂ ਦੇਖੋ oag.ca.gov/hatecrimes

### ਕੈਲੀਫੋਰਨੀਆ ਡਿਪਾਰਟਮੈਂਟ ਆਫ ਫੇਅਰ ਇੰਪਲਾਇਮੈਂਟ ਐਂਡ ਹਾਊਜ਼ਿੰਗ (DFEH)

ਉਹ ਸੂਬਾਈ ਅਦਾਰਾ ਹੈ ਜਿਸਨੂੰ ਕੈਲੀਫੋਰਨੀਆ ਦੇ ਸਿਵਲ ਅਧਿਕਾਰਾਂ ਸੰਬੰਧੀ ਕਨੂੰਨ ਦੀ ਤਾਮੀਲ ਕਰਵਾਉਣ ਅਤੇ ਰੁਜ਼ਗਾਰ, ਬਸੇਰੇ, ਅਤੇ ਸਰਕਾਰੀ ਰਿਹਾਇਸ਼ਾਂ ਵਿੱਚ ਲੋਕਾਂ ਨੂੰ ਗੈਰ-ਕਨੂੰਨੀ ਭੇਦਭਾਵ ਤੋਂ ਬਚਾਉਣ ਅਤੇ ਨਫ਼ਰਤੀ ਹਿੰਸਾ ਅਤੇ ਮਨੁੱਖੀ ਤਸਕਰੀ ਤੋਂ ਲੋਕਾਂ ਨੂੰ ਬਚਾਉਣ ਦਾ ਕਾਰਜ-ਭਾਰ ਸੌਂਪਿਆ ਗਿਆ ਹੈ। DFEH ਪੀੜਤ ਦੇ ਅਸਲ ਜਾਂ ਸਮਝ ਲਏ ਗਏ ਰੱਖਿਅਤ ਸਮਾਜਕ ਗਰੁੱਪ ਕਰਕੇ ਨਫ਼ਰਤੀ ਹਿੰਸਾ ਜਾਂ ਹਿੰਸਾ ਦੀਆਂ ਧਮਕੀਆਂ ਦੇ ਪੀੜਤਾਂ ਕੋਲੋਂ ਦਾਅਵੇ ਸਵੀਕਾਰ ਕਰਦਾ ਹੈ। ਕਿਸੇ ਦਾਅਵੇ ਨੂੰ ਕਿਵੇਂ ਦਾਇਰ ਕਰਨਾ ਹੈ, ਇਸ ਬਾਰੇ ਜਾਣਕਾਰੀ ਵਾਸਤੇ dfeh.ca.gov ਦੇਖੋ।

### ਸਥਾਨਕ ਜ਼ਿਲ੍ਹਾ ਅਟਾਰਨੀ ਦਾ ਦਫਤਰੀ ਪੀੜਤ ਵਾਸਤੇ ਗਵਾਹ ਸਹਾਇਤਾ ਕੇਂਦਰ

ਇਹ ਹਰ ਕਾਊਂਟੀ ਵਿੱਚ ਪੀੜਤਾਂ ਦੀ ਸਹਾਇਤਾ ਕਰਨ ਲਈ 'ਕੈਲੀਫੋਰਨੀਆ ਪੀੜਤ ਮੁਆਵਜ਼ਾ ਬੋਰਡ' (CalVCB) ਨਾਲ ਸਿੱਧੇ ਤੌਰ 'ਤੇ ਕੰਮ ਕਰਦਾ ਹੈ। ਕਿਸੇ ਸਥਾਨਕ ਦਫਤਰ ਅਤੇ ਸਰੋਤਾਂ ਬਾਰੇ ਜਾਣਕਾਰੀ ਵਾਸਤੇ ਦੇਖੋ

victims.ca.gov/victims/localhelp.aspx.

### ਯੂ.ਐੱਸ. ਡਿਪਾਰਟਮੈਂਟ ਆਫ ਜਸਟਿਸ, ਭਾਈਚਾਰਕ ਰਿਸ਼ਤਿਆਂ ਸੰਬੰਧੀ ਸੇਵਾਵਾਂ

ਇਹ ਅਦਾਰਾ ਭਾਈਚਾਰਕ ਗਰੁੱਪਾਂ ਨਾਲ ਮਿਲਕੇ ਕੰਮ ਕਰਦਾ ਹੈ ਤਾਂ ਜੋ ਭਾਈਚਾਰਕ ਵਿਵਾਦਾਂ ਦਾ ਨਿਪਟਾਰਾ ਕੀਤਾ ਜਾ ਸਕੇ ਅਤੇ ਕਥਿਤ ਨਫ਼ਰਤੀ ਅਪਰਾਧਾਂ ਨੂੰ ਰੋਕਿਆ ਅਤੇ ਇਹਨਾਂ ਦਾ ਜਵਾਬ ਦਿੱਤਾ ਜਾ ਸਕੇ। ਜਾਣਕਾਰੀ ਵਾਸਤੇ, justice.gov/crs ਦੇਖੋ।

*ਇਸ ਪ੍ਰਕਾਸ਼ਨਾ ਨੂੰ ਕੈਲੀਫੋਰਨੀਆ ਗਵਰਨਰ ਦੇ ਆਫਿਸ ਆਫ ਐਮਰਜੈਂਸੀ ਸਰਵਿਸਜ਼ (CalOES) ਦੇ ਰਾਹੀਂ, ਸੰਘੀ ਸਰਕਾਰ ਦੇ 2018 VOCA ਫੰਡਾਂ ਦੁਆਰਾ ਦਿੱਤੇ ਗਏ ਫੰਡਾਂ ਤੋਂ ਸਹਾਇਤਾ ਮਿਲੀ ਸੀ, ਜਿਸਦਾ ਗ੍ਰਾਂਟ ਸਬਅਵਾਰਡ ਨੰਬਰ VT20199504 ਹੈ।*

# ਨਫ਼ਰਤੀ ਅਪਰਾਧ




## ਆਪਣੇ ਆਪ ਅਤੇ ਹੋਰਨਾਂ ਦੀ ਰੱਖਿਆ ਕਰਨ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ

CALIFORNIA
DEPARTMENT OF JUSTICE
VICTIMS' SERVICES UNIT

**ਕੈਲੀਫੋਰਨੀਆ ਡਿਪਾਰਟਮੈਂਟ ਆਫ ਜਸਟਿਸ** ਕੋਲ ਸੰਭਾਵੀ ਨਫ਼ਰਤੀ ਅਪਰਾਧਾਂ ਦੀ ਜਾਂਚ ਵਿੱਚ ਸਥਾਨਕ, ਸੂਬਾਈ, ਅਤੇ ਸੰਘੀ ਸਰਕਾਰ ਦੀਆਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੀਆਂ ਅਥਾਰਟੀਆਂ ਦੀ ਮਦਦ ਅਤੇ ਸਹਾਇਤਾ ਕਰਨ ਲਈ ਕਈ ਸਾਧਨ ਅਤੇ ਸਰੋਤ ਹਨ, ਜਿਨ੍ਹਾਂ ਵਿੱਚ ਇਹਨਾਂ ਅਪਰਾਧਾਂ ਨੂੰ ਕਰਨ ਵਾਲਿਆਂ ਦੀ ਸ਼ਨਾਖਤ, ਗ੍ਰਿਫਤਾਰੀ, ਮੁਕੱਦਮੇਬਾਜ਼ੀ, ਅਤੇ ਦੋਸ਼-ਸਿੱਧੀ ਸ਼ਾਮਲ ਹਨ।

**ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੋਨਟਾ** ਇਸ ਬਾਰੇ ਨਿਮਨਲਿਖਤ ਜਾਣਕਾਰੀ ਪ੍ਰਦਾਨ ਕਰਦੇ ਹਨ ਕਿ ਨਫ਼ਰਤੀ ਅਪਰਾਧਾਂ ਦੀ ਸ਼ਨਾਖਤ ਅਤੇ ਰਿਪੋਰਟ ਕਿਵੇਂ ਕਰਨੀ ਹੈ ਅਤੇ ਨਫ਼ਰਤੀ ਅਪਰਾਧਾਂ ਦੇ ਪੀੜਤਾਂ ਲਈ ਕੀ ਸੇਵਾਵਾਂ ਉਪਲਬਧ ਹਨ।

## *ਨਫ਼ਰਤੀ ਅਪਰਾਧ ਜਾਂ ਨਫ਼ਰਤੀ ਘਟਨਾ?*

ਨਫ਼ਰਤੀ ਅਪਰਾਧ ਅਤੇ ਨਫ਼ਰਤੀ ਘਟਨਾ ਵਿਚਕਾਰ ਫਰਕ ਪਤਾ ਲਾਉਣਾ ਅਹਿਮ ਹੈ।

ਇੱਕ ਨਫ਼ਰਤੀ ਅਪਰਾਧ ਕਿਸੇ ਵਿਅਕਤੀ, ਗਰੁੱਪ, ਜਾਂ ਜਾਇਦਾਦ ਖਿਲਾਫ਼ ਕੋਈ ਅਪਰਾਧ ਹੁੰਦਾ ਹੈ ਜੋ ਕਿਸੇ ਪੀੜਤ ਦੇ ਅਸਲ ਜਾਂ ਸਮਝ ਲਏ ਗਏ ਰੱਖਿਅਤ ਸਮਾਜਕ ਗਰੁੱਪ ਤੋਂ ਪ੍ਰੇਰਿਤ ਹੁੰਦਾ ਹੈ। ਕੀਤੀਆਂ ਗਈਆਂ ਕਾਰਵਾਈਆਂ 'ਤੇ ਨਿਰਭਰ ਕਰਨ ਅਨੁਸਾਰ ਨਫ਼ਰਤੀ ਅਪਰਾਧਾਂ ਦਾ ਮੁਕੱਦਮਾ ਜਾਂ ਤਾਂ ਤੁੱਛ-ਜੁਰਮਾਂ (misdemeanors) ਜਾਂ ਘੋਰ-ਅਪਰਾਧਾਂ (felonies) ਵਜੋਂ ਚਲਾਇਆ ਜਾ ਸਕਦਾ ਹੈ।

ਕੈਲੀਫੋਰਨੀਆ ਵਿੱਚ, ਤੁਸੀਂ ਇੱਕ ਨਫ਼ਰਤੀ ਅਪਰਾਧ ਦੇ ਪੀੜਤ ਹੋ ਸਕਦੇ ਹੋ ਜੇ ਤੁਹਾਡੀਆਂ ਨਿਮਨਲਿਖਤ ਅਸਲ ਜਾਂ ਸਮਝ ਲਈਆਂ ਗਈਆਂ ਵਿਸ਼ੇਸ਼ਤਾਵਾਂ ਦੇ ਕਰਕੇ ਤੁਹਾਨੂੰ ਨਿਸ਼ਾਨਾ ਬਣਾਇਆ ਗਿਆ ਹੈ:

- ਨਸਲ ਅਤੇ ਨਸਲੀ ਮੂਲ,
- ਕੌਮੀਅਤ
- ਧਰਮ,
- ਲਿੰਗ-ਭੇਦ
- ਜਿਨਸੀ ਝੁਕਾਓ,
- ਸਰੀਰਕ ਜਾਂ ਮਾਨਸਿਕ ਅਪੰਗਤਾ, ਜਾਂ
- ਇਹਨਾਂ ਵਿੱਚੋਂ ਇੱਕ ਜਾਂ ਵਧੇਰੇ "ਅਸਲ" ਜਾਂ "ਸਮਝ ਲਈਆਂ ਗਈਆਂ" ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਜਾਂ ਗਰੁੱਪ ਨਾਲ ਤੁਹਾਡਾ ਸੰਬੰਧ।

ਕਿਰਪਾ ਕਰਕੇ ਨੋਟ ਕਰੋ, ਉੱਪਰ ਸੂਚੀਬੱਧ ਵਿਸ਼ੇਸ਼ਤਾਵਾਂ ਉਦਾਹਰਨਾਂ ਹਨ, ਅਤੇ ਅਸਲ ਜਾਂ ਸਮਝ ਲਈਆਂ ਗਈਆਂ ਰੱਖਿਅਤ ਸਮਾਜਕ ਗਰੁੱਪ ਦੀਆਂ ਵਿਸ਼ੇਸ਼ਤਾਵਾਂ ਦੇ ਹੋਰ ਆਧਾਰ ਮੌਜੂਦ ਹਨ।

**ਜੇ ਤੁਸੀਂ ਕਿਸੇ ਨਫ਼ਰਤੀ ਅਪਰਾਧ ਨੂੰ ਦੇਖਦੇ ਹੋ, ਤਾਂ ਤੁਹਾਨੂੰ ਇਸ ਅਪਰਾਧ ਦੀ ਰਿਪੋਰਟ ਆਪਣੇ ਸਥਾਨਕ ਕਨੂੰਨ ਲਾਗੂ ਕਰਨ ਵਾਲੇ ਅਦਾਰੇ ਕੋਲ ਕਰਨੀ ਚਾਹੀਦੀ ਹੈ।**

ਨਫ਼ਰਤੀ ਘਟਨਾ ਉਹ ਕਾਰਵਾਈ ਜਾਂ ਵਿਵਹਾਰ ਹੁੰਦਾ ਹੈ ਜੋ ਨਫ਼ਰਤ ਤੋਂ ਪ੍ਰੇਰਿਤ ਹੁੰਦਾ ਹੈ ਪਰ ਜੋ ਪਹਿਲੀ ਸੋਧ ਦੇ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ ਦੁਆਰਾ ਕਨੂੰਨੀ ਸੰਰੱਖਿਅਣ ਪ੍ਰਾਪਤ ਹੈ। ਜੇ ਕੋਈ ਨਫ਼ਰਤੀ ਘਟਨਾ ਕਿਸੇ ਵਿਅਕਤੀ ਜਾਂ ਜਾਇਦਾਦ ਲਈ ਖਤਰਾ ਬਣਨਾ ਸ਼ੁਰੂ ਹੋ ਜਾਂਦੀ ਹੈ, ਤਾਂ ਇਹ ਇੱਕ ਨਫ਼ਰਤੀ ਅਪਰਾਧ ਬਣ ਸਕਦੀ ਹੈ।

***ਨਫ਼ਰਤੀ ਘਟਨਾਵਾਂ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:***

- ਪੁੱਠੇ-ਸਿੱਧੇ ਨਾਮ ਲੈਣਾ।
- ਬੇਇੱਜ਼ਤੀ ਕਰਨਾ।
- ਤੁਹਾਡੀ ਖੁਦ ਦੀ ਜਾਇਦਾਦ ਉੱਤੇ ਨਫ਼ਰਤੀ ਸਮੱਗਰੀਆਂ ਪ੍ਰਦਰਸ਼ਿਤ ਕਰਨਾ।
- ਅਜਿਹੀ ਨਫ਼ਰਤੀ ਸਮੱਗਰੀ ਨੂੰ ਪੋਸਟ ਕਰਨਾ ਜਿਸਦੇ ਸਿੱਟੇ ਵਜੋਂ ਕਿਸੇ ਜਾਇਦਾਦ ਨੂੰ ਨੁਕਸਾਨ ਨਹੀਂ ਹੁੰਦਾ।
- ਜਨਤਕ ਸਥਾਨਾਂ ਵਿੱਚ ਨਫ਼ਰਤੀ ਸੰਦੇਸ਼ਾਂ ਵਾਲੀਆਂ ਸਮੱਗਰੀਆਂ ਵੰਡਣਾ।

## *ਕਿਸੇ ਨਫ਼ਰਤੀ ਅਪਰਾਧ ਦੀ ਪਛਾਣ ਕਿਵੇਂ ਕਰਨੀ ਹੈ*

**ਇਸ ਚੀਜ਼ ਦੇ ਚਿੰਨ੍ਹਾਂ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ ਕਿ ਕੋਈ ਅਪਰਾਧ ਨਫ਼ਰਤ ਤੋਂ ਪ੍ਰੇਰਿਤ ਸੀ:**

- ਅਪਰਾਧੀ ਨੇ ਪੀੜਤ ਜਾਂ ਜਾਇਦਾਦ ਦੀ ਚੋਣ ਇਸ ਲਈ ਕੀਤੀ ਕਿਉਂਕਿ ਉਹ ਕਿਸੇ ਰੱਖਿਅਤ ਗਰੁੱਪ ਨਾਲ ਸੰਬੰਧਿਤ ਸੀ, ਜਿਵੇਂ ਕਿ ਕੋਈ ਵਿਸ਼ੇਸ਼ ਧਰਮ ਜਾਂ ਲਿੰਗ।
- ਅਪਰਾਧੀ ਨੇ ਭੇਦਭਾਵ ਦਰਸਾਉਂਦੇ ਹੋਏ ਲਿਖਤੀ ਜਾਂ ਜ਼ੁਬਾਨੀ ਟਿੱਪਣੀਆਂ ਕੀਤੀਆਂ।
- ਅਪਰਾਧ ਅਜਿਹੀ ਤਾਰੀਖ਼ ਨੂੰ ਵਾਪਰਿਆ ਜੋ ਪੀੜਤ ਵਾਸਤੇ ਜਾਂ ਅਪਰਾਧੀ ਦੇ ਰੱਖਿਅਤ ਗਰੁੱਪ ਵਾਸਤੇ ਅਹਿਮ ਹੈ।
- ਇਲਾਕੇ ਵਿੱਚ ਸੰਗਠਿਤ ਨਫ਼ਰਤੀ ਸਰਗਰਮੀ ਚੱਲ ਰਹੀ ਹੈ।

**ਜੇ ਤੁਸੀਂ ਕਿਸੇ ਨਫ਼ਰਤੀ ਅਪਰਾਧ ਦੇ ਪੀੜਤ ਹੋ, ਤਾਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ:**

- ਆਪਣੇ ਸਥਾਨਕ ਕਨੂੰਨ ਲਾਗੂ ਕਰਨ ਵਾਲੇ ਅਦਾਰੇ ਨਾਲ ਤੁਰੰਤ ਸੰਪਰਕ ਕਰੋ।
- ਡਾਕਟਰੀ ਧਿਆਨ ਪ੍ਰਾਪਤ ਕਰੋ (ਜੇ ਤੁਹਾਨੂੰ ਇਸਦੀ ਲੋੜ ਹੈ)।
- ਇੰਨ-ਬਿੰਨ ਉਹ ਸ਼ਬਦ ਲਿਖ ਲਓ ਜੋ ਕਹੇ ਗਏ ਸਨ।
- ਕਿਸੇ ਹੋਰ ਤੱਥਾਂ ਬਾਰੇ ਨੋਟ-ਕਥਨ ਬਣਾਓ।
- ਸਾਰੇ ਸਬੂਤ ਰੱਖਿਅਤ ਕਰੋ (ਉਦਾਹਰਨ ਲਈ, ਊਟ-ਪਟਾਂਗ ਲਿਖੀਆਂ ਗੱਲਾਂ, ਅੰਡਿਆਂ ਦੇ ਖੋਲ, ਪੀੜਤ ਦੀ ਗੱਡੀ ਉੱਤੇ ਲਿਖਣਾ ਆਦਿ)। ਜੇ ਸੁਰੱਖਿਅਤ ਹੋਵੇ, ਤਾਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰਿਆਂ ਦੇ ਪਹੁੰਚਣ ਤੱਕ ਉਡੀਕ ਕਰੋ ਅਤੇ ਫ਼ੋਟੋਆਂ ਲਓ।
- ਹੋਰ ਪੀੜਤਾਂ ਅਤੇ ਗਵਾਹਾਂ ਦੇ ਨਾਮ, ਪਤੇ, ਫ਼ੋਨ ਨੰਬਰ, ਅਤੇ ਈਮੇਲਾਂ ਪ੍ਰਾਪਤ ਕਰੋ।
- ਕਿਸੇ ਚਸ਼ਮਦੀਦ ਗਵਾਹਾਂ ਕੋਲੋਂ ਅਪਰਾਧੀ ਜਾਂ ਉਸਦੀ ਗੱਡੀ ਦੇ ਹੁਲੀਏ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰੋ।
- ਆਪਣੇ ਇਲਾਕੇ ਵਿਚਲੇ ਭਾਈਚਾਰਕ ਸੰਗਠਨਾਂ ਨਾਲ ਸੰਪਰਕ ਕਰੋ ਜੋ ਨਫ਼ਰਤੀ ਅਪਰਾਧਾਂ ਦਾ ਜਵਾਬ ਦਿੰਦੇ ਹਨ।

**ਤੁਸੀਂ ਅਤੇ ਤੁਹਾਡਾ ਭਾਈਚਾਰਾ ਕੀ ਕਰ ਸਕਦੇ ਹੋ**

- ਨਫ਼ਰਤ ਅਤੇ ਅਸਹਿਣਸ਼ੀਲਤਾ ਖਿਲਾਫ਼ ਆਵਾਜ਼ ਉਠਾਓ।
- ਪੀੜਤਾਂ ਦਾ ਸਮਰਥਨ ਕਰਨ ਲਈ ਭਾਈਚਾਰਕ ਰੈਲੀਆਂ ਕੱਢੋ।
- ਪੀੜਤਾਂ ਨੂੰ ਸਮਰਥਨ ਅਤੇ ਮਦਦ ਦੀ ਪੇਸ਼ਕਸ਼ ਕਰੋ।
- ਨਫ਼ਰਤੀ ਅਪਰਾਧਾਂ ਦੇ ਖਿਲਾਫ਼ ਆਵਾਜ਼ ਉਠਾਉਣ ਲਈ ਸਰਕਾਰੀ ਅਧਿਕਾਰੀਆਂ ਨੂੰ ਪੁੱਛੋ।
- ਇੱਕ ਮਨੁੱਖੀ ਰਿਸ਼ਤਿਆਂ ਬਾਰੇ ਕਮਿਸ਼ਨ ਜਾਂ ਨਫ਼ਰਤੀ ਅਪਰਾਧ ਬਾਰੇ ਨੈੱਟਵਰਕ ਸਥਾਪਤ ਕਰੋ ਜਿਸ ਵਿੱਚ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰੇ, ਸਥਾਨਕ ਸਰਕਾਰ, ਸਕੂਲ, ਧਾਰਮਿਕ ਸੰਗਠਨ ਅਤੇ ਭਾਈਚਾਰਕ ਸੰਗਠਨ ਸ਼ਾਮਲ ਹੋਣ। ਉਹਨਾਂ ਨੂੰ ਨਫ਼ਰਤੀ ਅਪਰਾਧਾਂ ਦੇ ਵਾਪਰਨ ਸਾਰ ਇਹਨਾਂ ਦਾ ਜਵਾਬ ਦੇਣ ਅਤੇ ਇਸਦੀ ਰੋਕਥਾਮ ਅਤੇ ਜਾਗਰੂਕਤਾ ਨੂੰ ਵਧਾਵਾ ਦੇਣ ਲਈ ਕਹੋ।

OFFICE OF THE ATTORNEY GENERAL · CALIFORNIA DEPARTMENT OF JUSTICE · liberty and justice under law

**OAG.CA.GOV/HATECRIMES**